# ੴ ਸਤਿਗੁਰ ਪ੍ਰਸਾਦ ॥

## ਜਰੂਰੀ ਸੂਚਨਾਵਾਂ

## ਗੁਰਦੁਆਰੇ ਵਿਚ ਪ੍ਰੋਗਰਾਮ ਬੁਕ ਕਰਾਂਉਣ ਸਮੇਂ ਜਰੂਰੀ ਜਾਣਕਾਰੀ

1. ਬੁਕਿੰਗ ਕਰਾਉਣ ਸਮੇਂ ਗੁਰਦੁਆਰਾ ਸਾਹਿਬ ਦੇ ਸਾਰੇ ਖਰਚੇ ਪਹਿਲਾਂ ਦਿਤੇ ਜਾਣ।
2. ਕਿਸੇ ਵੀ ਪ੍ਰੋਗਰਾਮ ਦੀ ਬੁਕਿੰਗ ਟੈਲੀ-ਫੋਨ ਪੁਰ ਨਹੀਂ ਹੋਵੇਗੀ।
3. ਸੱਭ ਪ੍ਰੋਗਰਾਮ ਅਕਾਲ ਤਖਤ ਦੀ ਮਰਯਾਦਾ ਅਨੁਸਾਰ ਹੋਵੇਗਾ।
4. ਹਰ ਪ੍ਰੋਗਰਾਮ ਪੁਰ ਸਭ ਤੋਂ ਪਹਿਲਾਂ ਗੁਰਦੁਆਰੇ ਦੀ ਹਜ਼ੂਰੀ ਜੱਥਾ ਦੀ ਪਹਿਲ ਹੋਵੇਗੀ।
5. ਨਿਜੀ ਅਖੰਡ-ਪਾਠ ਅਤੇ ਪੂਰਨ-ਮਾਸ਼ੀ ਦੇ ਅਖੰਡ-ਪਾਠ ਛੋਟੇ ਹਾਲ ਵਿਚ ਰਖੇ ਜਾਣਗੇ।
6. ਗੁਰਦੁਆਰੇ ਜਾਂ ਘਰ ਸ੍ਰੀ ਅਖੰਡ-ਪਾਠ ਕਰਾਂਉਣ ਸਮੇਂ ਪਾਠੀਆਂ ਨੂੰ ਲਿਆਉਣਾ, ਛਡਣਾ, ਰਾਤ ਰਹਿਣ ਅਤੇ ਦੇਗ ਤਿਆਰ ਕਰਨ/ਵਰਤਾਉਣ ਦੀ ਜੁਮੇਂਵਾਰੀ ਵੀ ਘਰ ਵਾਲਿਆਂ ਦੀ ਹੀ ਹੋਵੇਗੀ।
7. ਲੋੜ ਨੂੰ ਮੁੱਖ ਰੱਖ ਕੇ ਪ੍ਰਬੰਧਕ ਕਮੇਟੀ ਜੱਥੇ ਦਾ ਪ੍ਰਬੰਧ ਕਰੇ ਗੀ। ਜੇ ਕਰ ਪ੍ਰੀਵਾਰ ਨੇ ਆਪਣਾ ਜੱਥਾ ਕਰਨਾ ਹੋਵੇ ਤਾਂ ਉਸ ਦੀ ਭੇਟਾ ਭੀ ਉਨ੍ਹਾ ਨਾਲ ਪ੍ਰੀਵਾਰ ਨੇ ਆਪ ਹੀ ਤੈਅ ਕਰਨੀ ਹੈ।
8. ਸ੍ਰੀ ਅਖੰਡ-ਪਾਠ ਦੁਰਾਨ ਦੇਗ ਵਰਤਾਂਉਣ ਦੀ ਜ਼ੁਮੇਂਵਾਰੀ ਘਰ ਵਾਲਿਆ ਦੀ ਹੋਵੇਗੀ।
9. ਦੀਵਾਨ ਦੀ ਸਮਾਪਤੀ 12.30 ਹੋਵੇਗੀ।
10. ਪ੍ਰੀਵਾਰ ਦੇ ਗ੍ਰਹਿ ਸਾਰਾ ਪ੍ਰੋਗਰਾਮ ਗਿਆਨੀ ਜੀ ਨਿਭਾਉਂਣ ਗੇ।
11. ਗ੍ਰਹਿ ਵਿਖੇ, ਜੇ ਕਰ ਸੁਖਮਨੀ ਸਾਹਿਬ ਦੇ ਪਾਠ ਗਿਆਨੀ ਜੀ ਪਾਸੋ ਕਰਾਉਂਣਾ ਹੋਵੇ ਤਾਂ ਇਕ ਗਿਆਨੀ ਜਾਣਗੇ।
12. ਮਾਇਆ ਜਾਂ ਗੋਲਕ ਵਿਚ ਪਾਓ ਜਾਂ ਮੰਗ ਕੇ ਰਸੀਦ ਪ੍ਰਾਪਤ ਕਰੋ ਜੀ।

ਗੁਰਦੁਆਰਾ ਸਾਹਿਬ ਦੇ ਚਾਰਜਿਜ਼ ਸਾਰੇ ਖਰਚੇ ਦਾ ਵੇਰਵਾ ਵੱਖਰੀ ਚਾਰਜ ਸ਼ੀਟ ਮੁਤਾਬਿਕ ਹੋਵੇਗਾ ਜੋ ਕਿ ਸਮੇ ਸਮੇ ਰਿਵਿਊ ਕੀਤੇ ਜਾਇਆ ਕਰਨ ਗੇ॥

### ਅਨੰਦ-ਕਾਰਜ

1. ਗੁਰਦੁਆਰਾ ਸਾਹਿਬ ਵਿਖੇ ਅਨੰਦ-ਕਾਰਜ ਤੋਂ ਪਹਿਲਾਂ ਮੈਰਿਜ ਲਾਈਸੈਂਸ ਦਾ ਹੋਣਾ ਅਤੀ ਜਰੂਰੀ ਹੈ । ਵਧੇਰੇ ਜਾਣਕਾਰੀ ਵਿਆਹ ਬੁਕ ਕਰਾਉਂਣ ਸਮੇਂ ਲੈ ਸਕਦੇ ਹੋ। ਇਹ ਗੁਰਦੁਆਰਾ ਸਾਹਿਬ ਕੋਰਟ-ਮੈਰਿਜ ਲਈ ਰਜਿਟਰਡ ਹੈ। ਗੁਰਦੁਆਰਾ ਸਾਹਿਬ ਵਿਖੇ ਅਨੰਦ-ਕਾਰਜ, ਕੁੜਮਾਈ, ਆਦਿ ਪ੍ਰੋਗਰਾਮ ਸਿੱਖ ਰਹਿਤ ਮਰਿਯਾਦਾ ਅਨੁਸਾਰ ਕੀਤੇ ਜਾਂਦੇ ਹਨ। ਜੈ-ਮਾਲਾ, ਸਿਹਰਾ ਸਿਖਿਆ ਪੜ੍ਹਨਾ, ਕਲਗੀ ਲਾਉਂਣੀ, ਸਿਹਰਾ ਬੰਨ੍ਹਣ, ਆਦਿ ਦੀ ਮਨਾਹੀ ਹੈ ।
2. ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮਾਂ ਪੁਰ ਬਚਿਆ ਲੰਗਰ ਦੀ ਜ਼ੁਮੇਂਵਾਰੀ ਪ੍ਰੀਵਾਰਾ ਦੀ ਹੈ।
3. ਜੇ ਕਰ ਦੁਪਿਹਰ ਦੇ ਖਾਣੇ ਤਕ ਹੀ ਕਿਚਨ ਜਾਂ ਹਾਲ ਦੀ ਵਰਤੋਂ ਕਰਨੀ ਹੋਵੇ ਤਾਂ ਬਰਤਨਾਂ ਸਮੇਤ ਸਾਰੀ ਸਫਾਈ 3(ਤਿੰਨ) ਬਜੇ ਹੋਣੀ ਜਰੂਰੀ ਹੈ।

### ਦਾਹ ਸੰਸਕਾਰ

ਬੇਨਤੀ ਹੈ ਕਿ ਦਾਹ-ਸੰਸਕਾਰ ਦੀ ਬੁਕਿੰਗ ਤੋਂ ਪਹਿਲਾਂ ਪ੍ਰਬੰਧਕ ਕਮੇਟੀ ਨੂੰ ਜ਼ਰੂਰ ਮਿਲੋ ਜੀ ਤਾਂ ਜੋ ਦੂਸਰੇ ਦੇ ਪ੍ਰੋਗਰਾਮ ਵਿਚ ਵਿੱਘਨ ਜਾ ਰੁਕਾਵਟ ਨਾ ਆਵੇ ।

**ਨੋਟ:- ਸਮੇਂ ਮੁਤਾਬਿਕ ਪ੍ਰਬੰਧਕ ਕਮੇਟੀ ਨੂੰ ਪ੍ਰੋਗਰਾਮ ਵਿਚ ਵਾਧ-ਘਾਟ ਕਰਨ ਦਾ ਪੂਰਾ ਅਧਿਕਾਰ ਹੈ॥**
**ਹਰ ਪਰਿਵਾਰ ਪਾਸ ਬੇਨਤੀ ਹੈ ਕਿ ਇਨ੍ਹਾਂ ਨਿਯਮਾਂ ਪੁਰ ਚਲ ਕੇ ਪ੍ਰਬੰਧਕ ਕਮੇਟੀ ਨੂੰ ਧੰਨਵਾਦੀ ਬਣਾਓ ਜੀ।**

**ਰਾਮਗੜ੍ਹੀਆ ਪ੍ਰਬੰਧਕ ਕਮੇਟੀ ਵੂਲਿਚ** ਟੈਲੀ ਫੋਨ:- **0208 854 1786/ 4694.**